# ELECTION CELL

**Electoral Registration Officer,**
**AC- 093-BATHINDA RURAL(SC)**
**Gpc Bti, Civil Block, Opposite Cantonment Area Bti.**
**Email:: bathindarural093ac@gmail.com**


ਜ਼ਿੰਮੇਵਾਰ ਬਣੋ ਵੋਟਰ ਬਣੋ

**No ਚਸ/2025/231** **Dated:16-01-2026**

ਵੱਲ,

ਸਮੂਹ ਸੁਪਰਵਾਈਜ਼ਰ/ਬੀ.ਐਲ.ਓ

093 ਬਠਿੰਡਾ ਦਿਹਾਤੀ।

ਵਿਸ਼ਾ:- **Verification of the Blurred, non-dimensional and non-human photos of the electors from the electoral roll and removal of illogical errors/Gibberish enteries-reg ਸਪੈਸ਼ਲ ਕੈਂਪ ਲਗਾਉਣ ਬਾਰੇ।**

ਹਵਾਲਾ:- ਦਫ਼ਤਰ ਜ਼ਿਲ੍ਹਾ ਚੋਣ ਅਫ਼ਸਰ ਬਠਿੰਡਾ ਦਾ ਪੱਤਰ ਨੰ: ਚੋਣ-2026/50-55 ਮਿਤੀ: 12-01-26 ਅਤੇ ਪੱਤਰ ਨੰ: ਚੋਣ-2026/56-61 ਮਿਤੀ: 12-01-2026 ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਅਤੇ ਹਵਾਲੇ ਅਧੀਨ ਪੱਤਰ ਰਾਹੀਂ ਪ੍ਰਾਪਤ ਹੋਈਆਂ ਹਦਾਇਤਾਂ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ, ਨਵੀਂ ਦਿੱਲੀ ਦੀਆਂ ਹਦਾਇਤਾਂ ਅਨੁਸਾਰ ਬੀ.ਐਲ.ਓ ਰਾਹੀਂ ਵੋਟਰ ਸੂਚੀ ਵਿੱਚ **Blurred, non-dimensional and non-human photos of the electors from the electoral roll and removal of illogical errors/Gibberish enteries & Balck and White Photo replacement with colour photo, table top exercise** ਕਰਕੇ ਫ਼ਾਰਮ ਨੰ: 08 ਭਰ ਕੇ ਵੋਟਰ ਸੂਚੀ ਨੂੰ ਦਰੁੱਸਤ ਕੀਤਾ ਜਾਣਾ ਹੈ।

ਇਸ ਸਬੰਧੀ ਆਪ ਨੂੰ ਤਰਕਹੀਣ ਗਲਤੀਆਂ/ਗਲਤ ਇੰਦਰਾਜ ਨੂੰ ਸਹੀ ਕਰਨ ਲਈ ਰੰਗੀਨ ਫ਼ੋਟੋ ਵੋਟਰ ਸੂਚੀਆਂ ਦੀ ਸਪਲਾਈ ਕੀਤੀ ਜਾ ਚੁੱਕੀ ਹੈ।**ਸੋ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਦਰਸਾਏ ਮੰਤਵ ਨੂੰ ਮੁੱਖ ਰੱਖਦੇ ਹੋਏ 093 ਬਠਿੰਡਾ ਦਿਹਾਤੀ ਹਲਕੇ ਦੇ ਸਮੂਹ ਬੂਥਾਂ ਤੇ ਉਕਤ ਅਨੁਸਾਰ ਪ੍ਰਕਿਰਿਆ ਕਰਨ ਲਈ ਅਤੇ ਬਾਕੀ ਰਹਿੰਦੇ ਵੋਟਰਾਂ ਦੀ ਮੈਪਿੰਗ ਕਰਨ ਲਈ ਮਿਤੀ: 16.01.2026 ਤੋਂ 22.01.2026 ਤੱਕ ਕੰਮ ਮੁਕੰਮਲ ਕਰਵਾਇਆ ਜਾਵੇ ਅਤੇ ਸਪੈਸ਼ਲ ਕੈਂਪ ਮਿਤੀ: 19.01.2026 ਅਤੇ 20.01.2026 ਨੂੰ ਸਵੇਰੇ 09:00 ਵਜੇਂ ਤੋਂ ਸ਼ਾਮ 05:00 ਵਜੇ ਤੱਕ ਲਗਾਇਆ ਜਾਵੇ।** ਇਸ ਦੌਰਾਨ ਆਪਦੇ ਅਧੀਨ ਆਉਂਦੇ ਸਮੂਹ ਬੀ.ਐਲ.ਓ ਦੀ ਸਬੰਧਤ ਸੁਪਰਵਾਈਜ਼ਰ ਦੁਆਰਾ ਹਾਜ਼ਰੀ ਚੈੱਕ ਕਰਨੀ ਯਕੀਨੀ ਬਣਾਈ ਜਾਵੇ ਅਤੇ ਕੈਂਪ ਦੀਆਂ ਫ਼ੋਟੋਆਂ ਇਸ ਦਫ਼ਤਰ ਨੂੰ ਭੇਜਣੀਆਂ ਯਕੀਨੀ ਬਣਾਈਆਂ ਜਾਣ। ਬੀ.ਐਲ.ਓ ਰਾਹੀਂ ਇਸ ਵੋਟਰ ਸੂਚੀ ਵਿੱਚ ਉੱਕਤ ਤਰੁੱਟੀਆਂ ਦੀ ਵੈਰੀਫ਼ਿਕੇਸ਼ਨ ਕਰਵਾ ਕੇ **ਫ਼ਾਰਮ ਨੰ: 08 ਭਰਵਾਉਣ ਉਪਰੰਤ ਇੰਨ੍ਹਾਂ ਫ਼ਾਰਮਾਂ ਦਾ ਨਿਪਟਾਰਾ ਕਰਕੇ ਰਿਪੋਰਟ Annexure-A (ਨਾਲ ਨੱਥੀ) ਰਾਹੀਂ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਈ ਜਾਵੇ।**

ਉਕਤ ਤੋਂ ਇਲਾਵਾ ਆਪਣੇ ਬੀ.ਐਲ.ਓ ਨੂੰ ਮੈਪਿੰਗ ਹੋਣ ਤੋਂ ਬਾਕੀ ਰਹਿੰਦੇ ਵੋਟਰਾਂ ਦੀ ਮੈਪਿੰਗ ਦਾ ਕੰਮ ਮੁਕੰਮਲ ਕਰਨ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ। ਇਸ ਮੰਤਵ ਲਈ ਬੀ.ਐਲ.ਓ ਦੀ ਸਹੂਲਤ ਲਈ ਤਿਆਰ PPT ਅਤੇ 2003 ਦੀ ਵੋਟਰ ਸੂਚੀ ਵਿੱਚ ਵੋਟ ਪਤਾ ਕਰਨ ਲਈ ਲਿੰਕ https://elections.punjab.gov.in/Election/Public/ SearchEroll2003 ਇਸ ਪੱਤਰ ਨਾਲ ਭੇਜੀ ਜਾ ਰਹੀ ਹੈ। ਆਪਣੇ ਸਮੂਹ ਬੀ.ਐਲ.ਓ ਨੂੰ ਇਸ ਤੋਂ ਜਾਣੂ ਕਰਵਾ ਦਿੱਤਾ ਜਾਵੇ।

Scanned with CamScanner

# ELECTION CELL

**Electoral Registration Officer,**

**AC- 093-BATHINDA RURAL(SC)**

**Gpc Bti, Civil Block, Opposite Cantonment Area Bti.**

**Email:: bathindarural093ac@gmail.com**


ਜ਼ਿੰਮੇਵਾਰ ਬਣੋ ਵੋਟਰ ਬਣੋ

**Noਚਸ/2025/231** **Dated:16-01-2026**

**ਸਬੰਧਤ ਸੁਪਰਵਾਈਜ਼ਰ ਆਪਣੀ ਨਿੱਜੀ ਨਿਗਰਾਨੀ ਹੇਠ ਸਬੰਧਤ ਬੀ.ਐਲ.ਓ ਤੋਂ ਬਾਕੀ ਰਹਿੰਦੇ ਵੋਟਰਾਂ ਦੀ ਮੈਪਿੰਗ ਕਰਵਾਉਣ ਲਈ ਵਿਸ਼ੇਸ਼ ਤੌਰ ਤੇ ਪਾਬੰਦ ਹੋਣਗੇ।**

**ਨੋਟ:- ਇਹ ਰੰਗੀਨ ਫ਼ੋਟੋ ਵੋਟਰ ਸੂਚੀ ਦਾ ਸੈੱਟ ਕੀਮਤੀ ਹੈ ਅਤੇ ਇਸ ਦੀ Custody ਬੀ.ਐਲ.ਓ ਪਾਸ ਹੀ ਰਹੇਗੀ। ਸੋ ਆਪਣੇ ਅਧੀਨ ਆਉਂਦੇ ਬੀ.ਐਲ.ਓ ਨੂੰ ਇਸ ਦੀ ਸੰਭਾਲ ਲਈ ਹਦਾਇਤਾਂ ਜਾਰੀ ਕਰ ਦਿੱਤੀਆਂ ਜਾਣ।**

**ਨੱਥੀ/ Annexure-A (ਨਾਲ ਨੱਥੀ)**

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ ।

ਪਿੱਠ ਅੰਕਣ ਨੰ: ਚੋਣ-2025/232-34 ਮਿਤੀ:16-01-2026

ਉਪਰੋਕਤ ਦਾ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਨੂੰ ਉਨ੍ਹਾਂ ਦੇ ਦਫ਼ਤਰ ਦੇ ਪੱਤਰ ਨੰ: ਚੋਣ-2026/50-55 ਮਿਤੀ: 12-01-26 ਅਤੇ ਪੱਤਰ ਨੰ: ਚੋਣ-2026/56-61 ਮਿਤੀ: 12-01-2026 ਦੇ ਸਬੰਧ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

2. ਸਮੂਹ ਵਿਭਾਗਾਂ ਦੇ ਮੁੱਖੀਆਂ ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਕਰਮਚਾਰੀਆਂ ਦੀ ਡਿਊਟੀ ਬਤੌਰ ਸੈਕਟਰ ਅਫ਼ਸਰ/ਬੀ.ਐਲ.ਓ ਨਿਮਨਹਤਸਤਾਖ਼ਰ ਦੇ ਹਲਕੇ ਅਧੀਨ ਲੱਗੀ ਹੋਈ ਹੈ, ਉਨ੍ਹਾਂ ਨੂੰ ਉਕਤ ਸ਼ਡਿਊਲ ਅਨੁਸਾਰ ਮਿਤੀ: 16.01.2026 ਤੋਂ 22.01.2026 ਤੱਥ ਵਿਭਾਗੀ ਕੰਮ ਤੋਂ ਛੋਟ ਦਿੱਤੀ ਜਾਵੇ।

3. ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ/ਐ.ਸਿ) ਬਠਿੰਡਾ ਪਾਸ ਭੇਜ਼ ਕੇ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਬਿਲਡਿੰਗਾਂ ਵਿੱਚ 093 ਬਠਿੰਡਾ ਦਿਹਾਤੀ ਵਿਧਾਨ ਸਭਾ ਚੋਣ ਹਲਕਾ ਦੇ ਬੂਥ ਬਣੇ ਹੋਏ ਹਨ, ਉਨ੍ਹਾਂ ਨੂੰ ਉਕਤ ਸ਼ਡਿਊਲ ਅਨੁਸਾਰ ਖ਼ੁੱਲ੍ਹਾ ਰੱਖਿਆ ਜਾਵੇ ਅਤੇ ਕੈਂਪ ਦੌਰਾਨ ਸੈਕਟਰ ਅਫ਼ਸਰ/ਬੀ.ਐਲ.ਓ ਦੇ ਬੈਠਣ ਲਈ ਫ਼ਰਨੀਚਰ/ਪਾਣੀ ਆਦਿ ਸਬੰਧੀ ਪੁਖ਼ਤਾ ਪ੍ਰਬੰਧ ਕਰਨੇ ਯਕੀਨੀ ਬਣਾਏ ਜਾਣ।

ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ
ਪਿਠ ਅੰਕਣ ਨੰ: ਈ-5/1/2026/6077 ਮਿਤੀ: 19/01/26
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਚੋਣਕਾਰ ਰਜਿਸਟ੍ਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ।

ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਬਠਿੰਡਾ